ਮਿਤੀ : 2 ਜੂਨ, 2018

ਵਾਪਸੀ ਮਿਤੀ :

17 ਜੁਲਾਈ, 2018

# ਪੰਜਾਬੀ - ਦੂਜੀ ਭਾਸ਼ਾ

# ਅਭਿਆਸ ਦਾ ਪ੍ਰਸ਼ਨ-ਪੱਤਰ

ਜਮਾਤ : ਛੇਵੀਂ

ਸੈਕਸ਼ਨ : ਏ ਤੋਂ ਐੱਨ

ਕੁੱਲ ਅੰਕ : 80

ਨੋਟ :

1) ਇਸ ਪ੍ਰਸ਼ਨ ਪੱਤਰ ਵਿੱਚ ਗਿਆਨ ਤੇ ਵਿਚਾਰ, ਵਿਆਕਰਨ, ਪਾਠ-ਪੁਸਤਕ ਅਤੇ ਲਿਖਤੀ 'ਚਾਰ' ਭਾਗ ਹਨ।

2) ਸਾਰੇ ਪ੍ਰਸ਼ਨ ਜ਼ਰੂਰੀ ਹਨ।

3) ਲਿਖਾਈ ਸਾਫ਼ ਅਤੇ ਸੁੰਦਰ ਕਰੋ।

4) ਸਾਰੇ ਪ੍ਰਸ਼ਨ ਲੜੀਵਾਰ ਕੀਤੇ ਜਾਣ।

(ਭਾਗ - ੳ)

**I.** ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਇੱਕ - ਦੋ ਸਤਰਾਂ ਵਿੱਚ ਲਿਖੋ: (5)

ਵਿਗਿਆਨ ਨੇ ਮਨੁੱਖੀ ਜੀਵਨ ਵਿੱਚ ਬਹੁਤ ਤਰੱਕੀ ਕੀਤੀ ਹੈ ਅਤੇ ਮਨੁੱਖ ਨੂੰ ਬਹੁਤ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਹਨ। ਬਿਜਲੀ ਵਿਗਿਆਨ ਦੀ ਬੜੀ ਅਨੋਖੀ ਕਾਢ ਹੈ। ਇਹ ਮਨੁੱਖ ਦੇ ਹਜ਼ਾਰਾਂ ਕੰਮ ਸੁਆਰਦੀ ਹੈ। ਇੱਕ ਨਿੱਕਾ ਜਿਹਾ ਬਟਨ ਦੱਬੇ ਜਾਣ 'ਤੇ ਸਾਰਾ ਘਰ ਜਗਮਗਾ ਜਾਂਦਾ ਹੈ। ਪਹਿਲਾਂ ਗਰਮੀ ਵਿੱਚ ਹੱਥ ਦੇ ਪੱਖਿਆਂ ਨਾਲ਼ ਹਵਾ ਕੀਤੀ ਜਾਂਦੀ ਸੀ ਪਰ ਹੁਣ ਸਾਡੇ ਪੱਖੇ ਬਿਜਲੀ ਚਲਾਉਂਦੀ ਹੈ। ਬਿਜਲੀ ਨਾਲ਼ ਚੱਲਣ ਵਾਲ਼ੀ ਮਸ਼ੀਨ ਸਾਡੇ ਕੱਪੜੇ ਧੋਂਦੀ ਹੈ। ਇਹ ਕਮਰਿਆਂ ਨੂੰ ਲੋੜ ਅਨੁਸਾਰ ਠੰਢੇ ਅਤੇ ਗਰਮ ਕਰਦੀ ਹੈ। ਹੁਣ ਤਾਂ ਰੇਲ-ਗੱਡੀਆਂ ਵੀ ਬਿਜਲੀ ਨਾਲ਼ ਚੱਲਦੀਆਂ ਹਨ। ਕਾਰਖ਼ਾਨੇ ਅਤੇ ਫੈਕਟਰੀਆਂ ਵੀ ਬਿਜਲੀ ਨਾਲ਼ ਚੱਲਦੀਆਂ ਹਨ। ਸੱਚ-ਮੁੱਚ ਬਿਜਲੀ ਬਹੁਤ ਲਾਭਕਾਰੀ ਹੈ।

ੳ) ਵਿਗਿਆਨ ਨੇ ਮਨੁੱਖ ਨੂੰ ਕੀ ਪ੍ਰਦਾਨ ਕੀਤਾ ਹੈ?

ਅ) ਵਿਗਿਆਨ ਦੀ ਅਨੋਖੀ ਕਾਢ ਕਿਹੜੀ ਹੈ?

ੲ) ਸਾਰਾ ਘਰ ਕਿਸਤਰ੍ਹਾਂ ਜਗਮਗਾ ਜਾਂਦਾ ਹੈ?

ਸ) ਬਿਜਲੀ ਮਨੁੱਖ ਦੇ ਕਿਹੜੇ-ਕਿਹੜੇ ਕੰਮ ਸੁਆਰਦੀ ਹੈ?

ਹ) 'ਜ਼ਿੰਦਗੀ' ਅਤੇ 'ਵਿਕਾਸ' ਸ਼ਬਦਾਂ ਦੇ ਅਰਥ ਪੈਰ੍ਹੇ ਵਿੱਚੋਂ ਲੱਭ ਕੇ ਲਿਖੋ।

**II.** ਹੇਠ ਲਿਖੀ ਅਣਡਿੱਠੀ ਕਵਿਤਾ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਇੱਕ ਜਾਂ ਦੋ ਸਤਰਾਂ ਵਿੱਚ ਉੱਤਰ ਲਿਖੋ: (5)

ਆਓ! ਗਿਆਨ ਦਾ ਦੀਪ ਜਗਾਈਏ,
ਰੋਸ਼ਨ ਬੁੱਧ ਬਾਲ ਹੋ ਜਾਈਏ
ਸਾਰੇ ਮਹਾਂਪੁਰਖ ਇਹ ਜਾਨਣ
ਵਿੱਦਿਆ ਦਾ ਹੈ ਅਸਲੀ ਚਾਨਣ
ਤੇਲ ਦਾ ਦੀਪਕ ਘਰ ਚਮਕਾਵੇ
ਵਿੱਦਿਆ ਦੀਪ ਮਨ ਰੁਸ਼ਨਾਵੇ
ਦੀਵਾ ਬਲੇ ਹਨੇਰਾ ਜਾਵੇ
ਚਾਨਣ ਵਿੱਚ ਰਾਹ ਦਿਸਦਾ ਜਾਵੇ
ਵਿੱਦਿਆ ਹੀਣ ਅਗਿਆਨੀ ਸਾਰੇ
ਵਹਿਮਾਂ-ਭਰਮਾਂ ਦੇ ਨੇ ਮਾਰੇ
ਗਿਆਨ ਦਾ ਚਾਨਣ ਦੇਵੇ ਅਜ਼ਾਦੀ
ਇਸ ਤੋਂ ਬਿਨਾਂ ਹੋਵੇ ਬਰਬਾਦੀ

ੳ) ਅਸਲੀ ਚਾਨਣ ਕਿਸ ਨਾਲ਼ ਹੁੰਦਾ ਹੈ? (1)

ਅ) ਵਹਿਮਾਂ-ਭਰਮਾਂ ਦਾ ਕੌਣ ਮਾਰਿਆ ਹੋਇਆ ਹੈ? (1)

ੲ) ਘਰ ਕਿਸ ਨਾਲ਼ ਚਮਕਦਾ ਹੈ? (1)

ਸ) ਕਵੀ ਕਿਹੜਾ ਦੀਪ ਜਗਾਉਣ ਲਈ ਕਹਿ ਰਿਹਾ ਹੈ? (1)

ਹ) ਕਵਿਤਾ ਅਨੁਸਾਰ 'ਚਾਨਣ' ਅਤੇ 'ਰਾਹ' ਸ਼ਬਦਾਂ ਦਾ ਕੀ ਅਰਥ ਹੈ? (1)

## ਭਾਗ - ਅ (ਵਿਆਕਰਨ)

**III.** ਵਿਆਕਰਨ 'ਤੇ ਅਧਾਰਤ ਪ੍ਰਸ਼ਨ **(1×15=15)**

1) ਹੇਠ ਲਿਖੇ ਅਗੇਤਰ ਲਗਾ ਕੇ ਦੋ-ਦੋ ਸ਼ਬਦ ਲਿਖੋ : (2)

ੳ) ਅੱਧ ਅ) ਸਹਿ

2) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ 'ਤੇ ਇੱਕ ਸ਼ਬਦ ਲਿਖੋ: (2)

ੳ) ਜਿਹੜਾ ਪੜ੍ਹਿਆ ਨਾ ਹੋਵੇ ਅ) ਵਧੇਰੇ ਗੱਲਾਂ ਕਰਨ ਵਾਲਾ

ੲ) ਜੋ ਕਿਸੇ ਦੀ ਕੀਤੀ ਨੇਕੀ ਨਾ ਜਾਣੇ ਸ) ਨੀਂਦ ਪੂਰੀ ਨਾ ਹੋਣੀ

2) ਹੇਠ ਲਿਖੇ ਸ਼ਬਦਾਂ ਦੇ ਦੋ-ਦੋ ਸਮਾਨਅਰਥਕ ਸ਼ਬਦ ਲਿਖੋ: (2)

ੳ) ਉਸਤਤ ਅ) ਅਸੰਭਵ

4) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਲਿਖ ਕੇ ਵਾਕ ਬਣਾਓ : (3)

ੳ) ਉੱਚਾ ਨੀਵਾਂ ਬੋਲਣਾ ਅ) ਅੱਖਾਂ ਫੇਰ ਲੈਣਾ

5) ਹੇਠ ਲਿਖੇ ਵਾਕਾਂ ਵਿੱਚੋਂ ਨਾਂਵ ਸ਼ਬਦ ਚੁਣ ਕੇ ਉਸਦੀ ਕਿਸਮ ਲਿਖੋ: (2)

ੳ) ਰਾਮ ਨੇ ਬਜ਼ਾਰ ਤੋਂ ਦੁੱਧ ਖਰੀਦਿਆ। ਅ) ਦੁੱਖ-ਸੁੱਖ ਜ਼ਿੰਦਗੀ ਦਾ ਹਿੱਸਾ ਹਨ।

6) ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਉਸਦੀ ਕਿਸਮ ਲਿਖੋ : (2)

ੳ) ਉਹ ਆਪ ਬਜ਼ਾਰ ਗਿਆ। ਅ) ਜੋ ਕਰੇਗਾ, ਸੋ ਭਰੇਗਾ।

7) ਹੇਠ ਲਿਖੇ ਵਾਕਾਂ ਵਿੱਚ ਵਿਸਰਾਮ ਚਿੰਨ੍ਹ ਲਗਾਓ : (2)

ੳ) ਕਾਸ਼ ਮੈਂ ਕਰੋੜਪਤੀ ਹੁੰਦਾ ਅ) ਪ੍ਰਿੰ ਸਾਹਿਬ ਐੱਮ ਏ ਐੱਮ ਐੱਡ ਪਾਸ ਹਨ

ਭਾਗ - ੲ (ਲਿਖਣ ਕੌਸ਼ਲ) (ਕੁੱਲ ਅੰਕ 20)

IV) ਹੇਠ ਲਿਖੇ ਵਿਸ਼ੇ 'ਤੇ ਲੇਖ ਲਿਖੋ: ਮੇਰਾ ਪੰਜਾਬ (10)

V) ਤੁਹਾਡਾ ਮੋਟਰ ਸਾਇਕਲ ਚੋਰੀ ਹੋ ਗਿਆ ਹੈ, ਇਸ ਸੰਬੰਧੀ ਥਾਣੇ ਦੇ ਮੁਖੀ ਨੂੰ ਬਿਨੈ-ਪੱਤਰ ਲਿਖੋ। (5)

VI) ਹੇਠ ਲਿਖੀ ਤਸਵੀਰ ਨੂੰ ਵੇਖ ਕੇ 70-80 ਸ਼ਬਦਾਂ ਦਾ ਪੈਰ੍ਹਾ ਲਿਖੋ: (5)



## ਭਾਗ - ਸ (ਲਿਖਤੀ) (35 ਅੰਕ)

VII) ਹੇਠ ਲਿਖੇ ਅਸ਼ੁੱਧ ਸ਼ਬਦਾਂ ਦੇ ਸ਼ੁੱਧ ਸ਼ਬਦ ਲਿਖੋ : (2)

ਕਿਉਂਕੀ, ਚਾਹਿਦਾ, ਵਿਦਾਨ, ਮਾਨ

VIII) ਹੇਠ ਲਿਖੇ ਸ਼ਬਦਾਂ ਦੇ ਅਰਥ ਲਿਖੋ : ਨਿਰਾਲੀ, ਅਜ਼ਾਦੀ, ਬਾਣਾ, ਸਿਧਾਂਤ (2)

IX) ਹੇਠ ਲਿਖੇ ਸ਼ਬਦਾਂ ਦੇ ਵਾਕ ਬਣਾਓ : (3)

ਤਿਰੰਗਾ, ਸਿੱਖਿਆ, ਅਧਿਆਪਕ

X) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ-ਦੋ-ਤਿੰਨ ਸਤਰਾਂ ਵਿੱਚ ਲਿਖੋ: (8)

ੳ) ਤਿਰੰਗੇ ਝੰਡੇ ਦੀ ਸ਼ਾਨ ਕਿਹੋ-ਜਿਹੀ ਹੈ?

ਅ) ਕੇਸਰੀ ਰੰਗ ਕਿਸ ਚੀਜ਼ ਦਾ ਪ੍ਰਤੀਕ ਹੈ?

ੲ) ਤਿਰੰਗੇ ਦੇ ਤਿੰਨ ਰੰਗ ਕੀ ਸੰਦੇਸ਼ ਦਿੰਦੇ ਹਨ?

ਸ) ਤਿਰੰਗੇ ਦੀ ਛਾਇਆ ਹੇਠ ਸਾਰੇ ਲੋਕ ਕਿਸਤਰ੍ਹਾਂ ਰਹਿੰਦੇ ਹਨ?

ਹ) ਮਹਾਤਮਾ ਗਾਂਧੀ ਜੀ ਦੇ ਵਿਚਾਰ ਕਿਹੋ-ਜਿਹੇ ਸਨ?

ਕ) 'ਕੌਮਾਂਤਰੀ ਅਹਿੰਸਾ ਦਿਵਸ' ਕਦੋਂ ਮਨਾਇਆ ਜਾਂਦਾ ਹੈ?

ਖ) ਗਾਂਧੀ ਜੀ ਉੱਚ ਸਿੱਖਿਆ ਲਈ ਕਿੱਥੇ ਗਏ?

ਹ) ਗਾਂਧੀ ਜੀ ਦਾ ਤੀਜਾ ਬਾਂਦਰ ਕੀ ਸੰਦੇਸ਼ ਦਿੰਦਾ ਹੈ?

XI) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਤਿੰਨ-ਚਾਰ ਸਤਰਾਂ ਵਿੱਚ ਲਿਖੋ: (8)

ੳ) ਮਹਾਤਮਾ ਗਾਂਧੀ ਜੀ ਦੇ ਮਨ ਉੱਤੇ 'ਹਰੀਸ਼ਚੰਦਰ' ਨਾਟਕ ਦਾ ਕੀ ਪ੍ਰਭਾਵ ਪਿਆ?

ਅ) ਮਹਾਤਮਾ ਗਾਂਧੀ ਜੀ ਨੇ ਆਪਣੀ ਮਾਂ ਨੂੰ ਕਿਹੜਾ ਵਚਨ ਦਿੱਤਾ?

ੲ) ਮਹਾਤਮਾ ਗਾਂਧੀ ਜੀ ਨੇ ਸਕੂਲ ਵਿੱਚ ਨਕਲ ਕਿਉਂ ਨਹੀਂ ਕੀਤੀ?

ਸ) 'ਤਿਰੰਗਾ' ਕਵਿਤਾ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

XII) ਮਹਾਤਮਾ ਗਾਂਧੀ ਜੀ ਦੇ ਤਿੰਨ ਬਾਂਦਰ ਕੀ ਸਿੱਖਿਆ ਦਿੰਦੇ ਹਨ? (5)

XIII) ਕਵਿਤਾ 'ਤਿਰੰਗਾ' ਦਾ ਸਾਰ ਲਿਖੋ। (5)

XIV) ਕਦਰਾਂ ਕੀਮਤਾਂ 'ਤੇ ਅਧਾਰਤ ਪ੍ਰਸ਼ਨ:

'ਸੱਚ ਦੀ ਹਮੇਸ਼ਾਂ ਜਿੱਤ ਹੁੰਦੀ ਹੈ।' ਕੋਈ ਅਜਿਹੀ ਘਟਨਾ ਦਾ ਵਰਣਨ ਕਰੋ ਜਿਸ ਵਿੱਚ ਤੁਸੀ ਸਚਾਈ ਦਾ ਸਾਥ ਦਿੱਤਾ ਹੋਵੇ। (2)



Ram